ਦਫਤਰ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਮੋਰਿੰਡਾ

Email.ID subdivisionmorindapwd@gmail.com

ਵੱਲ

ਪ੍ਰਿੰਸੀਪਲ,
ਜੀਸਸ ਸੇਵੀਅਰ ਸਕੂਲ,
ਮੜੌਲੀ ਕਲਾਂ, ਮੋਰਿੰਡਾ।

ਮੀਮੋ ਨੰ. 173 ਮਿਤੀ: 09-04-2024

ਵਿਸ਼ਾ:- **ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਹਵਾਲਾ:- ਆਪ ਦਾ ਪੱਤਰ ਨੰ. JSS/2747/23-24 ਮਿਤੀ:19.03.2024 ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ.1, ਲੋ.ਨਿ.ਵਿ. ਭ ਤੇ ਮ ਸਾਖਾ, ਐਸ.ਏ.ਐਸ. ਨਗਰ ਜੀ ਵੱਲ।

*******

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦੇ ਸਕੂਲ ਜੀਸਸ ਸੇਵੀਅਰ ਸਕੂਲ, ਮੜੌਲੀ ਕਲਾਂ, ਮੋਰਿੰਡਾ, ਜਿਲ੍ਹਾ ਰੂਪਨਗਰ ਦੀ ਬਿਲਡਿੰਗ ਦਾ ਇਸ ਦਫਤਰ ਦੇ ਸ੍ਰੀ ਬਲਜੀਤ ਸਿੰਘ, ਜੂਨੀਅਰ ਇੰਜੀਨੀਅਰ ਨੇ ਨਿਰੀਖਣ ਕੀਤਾ ਹੈ, ਨਿਰੀਖਣ ਕਰਨ ਉਪਰੰਤ ਜੂਨੀਅਰ ਇੰਜੀਨੀਅਰ ਦੀ ਰਿਪੋਰਟ ਅਨੁਸਾਰ ਉਕਤ ਬਿਲਡਿੰਗ ਸੇਫ ਹੈ। ਸ੍ਰੀ ਬਲਜੀਤ ਸਿੰਘ, ਜੂਨੀਅਰ ਇੰਜੀਨੀਅਰ ਦੀ ਰਿਪੋਰਟ ਦੇ ਅਧਾਰ ਤੇ ਆਪ ਨੂੰ ਉਪਰੋਕਤ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ **2024-25, ਸਮਾਂ 31.03.2025 (ਇਕੱਤੀ ਮਾਰਚ ਦੋ ਹਜ਼ਾਰ ਪੱਚੀ) ਤੱਕ** ਦੇ ਸਮੇਂ ਲਈ ਜਾਰੀ ਕੀਤਾ ਜਾਂਦਾ ਹੈ। ਇਹ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਸਕੂਲ ਬਿਲਡਿੰਗ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੇਬਿਲਟੀ ਚੈਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੇ ਸਟਰਕਚਰਲ ਡਿਜ਼ਾਈਨ ਵਿੱਚ ਕਮੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਸਕੂਲ ਅਥਾਰਿਟੀ ਖੁਦ ਜ਼ਿੰਮੇਵਾਰ ਹੋਵੇਗੀ।

2) ਜੇਕਰ ਸਕੂਲ ਅਥਾਰਟੀ ਵੱਲੋਂ ਬਿਲਡਿੰਗ ਵਿੱਚ ਕਿਸੇ ਵੀ ਤਰ੍ਹਾਂ ਦੀ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕੀਤੀ ਜਾਂਦੀ ਹੈ ਤਾਂ ਉਹ ਕਿਸੀ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸ਼ਨ/ਅਲਟਰੇਸ਼ਨ ਅਤੇ ਮੋਡੀਫਿਕੇਸ਼ਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਸਕੂਲ ਵੱਲੋਂ ਦੁਬਾਰਾ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਲਿਆ ਜਾਵੇਗਾ।

3) ਜੇਕਰ ਬਿਲਡਿੰਗ ਨੂੰ ਕੁਦਰਤੀ ਆਫਤ ਜਿਵੇਂ ਕਿ ਹੜ੍ਹ/ਭੂਚਾਲ ਆਦਿ ਨਾਲ ਨੁਕਸਾਨ ਹੁੰਦਾ ਹੈ ਅਤੇ ਦੀਵਾਰਾਂ/ਨੀਹਾਂ ਵਿੱਚ ਕਿਸੇ ਤਰ੍ਹਾਂ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਂਦੀ ਹੈ ਤਾਂ ਸਕੂਲ ਅਥਾਰਟੀ ਤੁਰੰਤ ਇਸ ਵਿਭਾਗ ਦੇ ਧਿਆਨ ਵਿੱਚ ਲਿਆਵੇਗੀ।

4) ਅੱਗ ਬਝਾਊ ਯੰਤਰ ਸਬੰਧਿਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਤਸੱਲੀਬਖਸ਼/ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬੁਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ। ਫਾਇਰ ਸੇਫਟੀ ਸਰਟੀਫਿਕੇਟ ਨਵੀਨੀਕਰਨ ਦੀ ਨਿਰੋਲ ਜਿੰਮੇਵਾਰੀ ਆਪ ਦੇ ਸਕੂਲ ਦੀ ਹੋਵੇਗੀ।

5) ਇਹ ਸਰਟੀਫਿਕੇਟ ਕਿਸੇ ਵੀ ਤਰ੍ਹਾਂ ਦੇ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

6) ਰੋਡ ਅਕਸੈਸ ਦੀ ਫੀਸ ਜਮਾਂ ਕਰਵਾਉਣ ਸਬੰਧੀ ਮਾਨਯੋਗ ਹਾਈ ਕੋਰਟ ਵਿੱਚ ਕੇਸ ਚੱਲ ਰਿਹਾ ਹੈ। ਮਾਨਯੋਗ ਕੋਰਟ ਦਾ ਕਿਸੇ ਵੀ ਤਰਾਂ ਦਾ ਫੈਸਲਾ ਮੰਨਣ ਦੇ ਆਪ ਪਾਬੰਦ ਹੋਵੋਗੇ।

7) ਜੇਕਰ ਆਪ ਦਾ ਸਕੂਲ ਸ਼ਡਿਉਲਡ ਰੋਡ ਤੇ ਪੈਂਦਾ ਹੈ ਤਾਂ ਮੇਨ ਸੜਕ ਦੇ ਸੈਂਟਰ ਤੋਂ 40 ਮੀਟਰ ਦੀ ਦੂਰੀ ਤੱਕ ਵਿਭਾਗ ਦੀ ਮੰਨਜੂਰੀ ਤੋਂ ਬਿਨਾਂ ਕਿਸੇ ਵੀ ਪ੍ਰਕਾਰ ਦੀ ਉਸਾਰੀ ਨਾ ਕੀਤੀ ਜਾਵੇ।

ਉਪਰੋਕਤ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ, ਜੇਕਰ ਆਪ ਵੱਲੋਂ ਕੋਈ ਵੀ ਅਣਗਹਿਲੀ/ਢਿੱਲ ਵਰਤੀ ਜਾਂਦੀ ਹੈ ਤਾਂ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਤਤਕਾਲ ਸਮੇਂ ਤੋਂ ਰੱਦ ਸਮਝਿਆ ਜਾਵੇਗਾ।

ਨੱਥੀ/ ਸਰਟੀਫਿਕੇਟ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਮੋਰਿੰਡਾ।

**ਮਿਤੀ:**

**ਪਿੱਠ ਅੰਕਣ ਨੰ.**

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ. 1, ਲੋ.ਨਿ.ਵਿ. ਭ ਤੇ ਮ ਸ਼ਾਖਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜੀ ਨੂੰ ਉਹਨਾਂ ਦੇ ਪਿੱਠ ਅੰਕਣ ਨੰ. 1196 ਮਿਤੀ: 21.03.2024 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਸਰਟੀਫਿਕੇਟ ਦੀ ਕਾਪੀ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਲੋ.ਨਿ.ਵਿ. ਭ ਤੇ ਮ ਸ਼ਾਖਾ,
ਮੋਰਿੰਡਾ।